VacancyJobAlert.Com



# ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ

(ਮਾਈਕਰੋਸਾਫ਼ਟ ਬਿਲਡਿੰਗ) ਨੇੜੇ ਗੁਰਦੁਆਰਾ ਸਾਚਾ-ਧੰਨ ਫੇਜ਼ 3ਬੀ-1 ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ)

ਵੈਬਸਾਈਟ www.educationrecruitmentboard.com)

## ਜਨਤਕ ਨਿਯੁਕਤੀਆਂ

ਵਿਗਿਆਪਨ ਨੰ. 2020221562 ਮਿਤੀ: 23-11-2020

ਸਿੱਖਿਆ ਵਿਭਾਗ ਪੰਜਾਬ ਵੱਲੋਂ ਡੀ,ਪੀ.ਆਈ (ਐਸਿ) ਪੰਜਾਬ ਦੇ ਮੀਮੋ ਨੰ. DPI EE-EST207/52/2020-ESTABLISHMENT-2-DPIEE ਮਿਤੀ 17-11-2020 ਅਨੁਸਾਰ ਪ੍ਰੀ-ਪ੍ਰਾਇਮਰੀ ਅਧਿਆਪਕਾਂ ਦੀਆਂ 8393 ਅਸਾਮੀਆਂ ਨੂੰ ਭਰਨ ਸਬੰਧੀ ਯੋਗ ਉਮੀਦਵਾਰਾਂ ਪਾਸੋਂ ਵਿਭਾਗ ਦੀ ਵੈਬਸਾਈਟ www.educationrecruitmentboard.comਤੇ ਆਨਲਾਈਨ ਦਰਖਾਸਤਾਂ ਦੀ ਮੰਗ ਮਿਤੀ -01-12-2020 ਤੋਂ 21-12-202 ਤੱਕ ਕੀਤੀ ਜਾਂਦੀ ਹੈ। ਇਨ੍ਹਾਂ ਅਸਾਮੀਆਂ ਦੀ ਕੈਟਾਗਰੀ ਵਾਈਜ਼ ਵੰਡ ਹੇਠ ਅਨੁਸਾਰ ਹੈ:

### 1. ਕੈਟਾਗਰੀ ਵਾਈਜ਼ ਅਸਾਮੀਆਂ ਦੀ ਵੰਡ-

| ਲੜੀ ਨੰ: | ਕੈਟਾਗਰੀ | ਅਸਾਮੀਆਂ |
|---|---|---|
| 1 | ਜਨਰਲ | 3273 |
| 2 | ਅਨੁਸੂਚਿਤ ਜਾਤੀ(ਐਮ.ਤੇ ਬੀ) | 840 |
| 3 | ਅਨੁਸੂਚਿਤ ਜਾਤੀ (ਆਰ.ਤੇ ੳ) | 839 |
| 4 | ਅਨੁਸੂਚਿਤ ਜਾਤੀ (ਸਾਬਕਾ ਫੌਜੀ)(ਐਮ.ਤੇ ਬੀ) | 168 |
| 5 | ਅਨੁਸੂਚਿਤ ਜਾਤੀ(ਸਾਬਕਾ ਫੌਜੀ) (ਆਰ.ਤੇ ੳ) | 168 |
| 6 | ਅਨੁਸੂਚਿਤ ਜਾਤੀ(ਖਿਡਾਰੀ) (ਐਮ ਤੇ ਬੀ) | 42 |
| 7 | ਅਨੁਸੂਚਿਤ ਜਾਤੀ(ਖਿਡਾਰੀ) (ਆਰ ਤੇ ੳ) | 42 |
| 8 | ਪੱਛੜੀਆਂ ਸ੍ਰੇਣੀਆਂ | 839 |
| 9 | ਪੱਛੜੀਆਂ ਸ੍ਰੇਣੀਆਂ (ਸਾਬਕਾ ਫੌਜੀ) | 168 |
| 10 | ਖਿਡਾਰੀ (ਜਨਰਲ) | 167 |
| 11 | ਅਜਾਦੀ ਘੁਲਾਟੀਏ | 84 |
| 12 | ਸਾਬਕਾ ਫੌਜੀ (ਜਨਰਲ) | 588 |
| 13 | ਅੰਗਹੀਣ:<br>1 Visual Impaired<br>2 Hearing Impaired<br>3 Orthopedically Disabled<br>4 Intellectual Disability( including Autism and one percent specific learning disability and mental illness Or<br>Multiple disability specified in serial no. 1 to 4 above, including deaf-blindness) | <br>84<br>84<br>84<br>84 |
| 14 | Economically Weaker Section for General Category | 839 |
| | ਕੁੱਲ ਜੋੜ | 8393 |

VacancyJobAlert.Com


2.0 **ਵਿਦਿਅਕ ਯੋਗਤਾਵਾਂ:-**

(i) ਸੰਭਾਵਿਤ ਉਮੀਦਵਾਰ ਨੂੰ ਸੀਨੀਅਰ ਸੈਕੰਡਰੀ ਸਕੂਲ ਕਲਾਸ ਬਾਰ੍ਹਵੀਂ ਇੰਟਰਮੀਡੀਏਟ ਦਾ ਸਰਟੀਫਿਕੇਟ ਜਾਂ ਇਸ ਦੇ ਬਰਾਬਰ ਦਾ ਮਾਨਤਾ ਪ੍ਰਾਪਤ ਬੋਰਡ ਜਾਂ ਸੰਸਥਾ ਤੋਂ ਘੱਟ ਘੱਟ 45% ਅੰਕਾ ਨਾਲ ਪਾਸ ਹੋਣਾ ਚਾਹੀਦਾ ਹੈ।

(ii) ਡਿਪਲੋਮਾ ਸਰਟੀਫਿਕੇਟ ਇੰਨ ਨਰਸਰੀ ਟੀਚਰ ਐਜੂਕੇਸ਼ਨ ਪ੍ਰੋਗਰਾਮ ਵਿਚ ਇਕ ਸਾਲ ਤੋਂ ਘੱਟ ਨਹੀਂ, ਜਾਂ ਕੋਈ ਹੋਰ ਕੋਰਸ ਜੋ ਇਸਦੇ ਬਰਾਬਰ ਹੈ। (ਅਨੁਸਾਰ ਨੋਟੀਫਿਕੇਸ਼ਨ)

(iii) ਸੰਭਾਵਿਤ ਉਮੀਦਵਾਰ ਨੂੰ ਲਾਜ਼ਮੀ ਜਾਂ ਚੋਣਵੇਂ ਵਿਸ਼ਿਆਂ ਵਿੱਚੋਂ ਵਜੋਂ ਪੰਜਾਬੀ ਨਾਲ ਦਸਵੀਂ ਦੀ ਪ੍ਰੀਖਿਆ ਪਾਸ ਕੀਤੀ ਹੋਈ ਹੋਵੇ।

3. **ਚੋਣ ਦਾ ਢੰਗ:**

(i) ਇਨ੍ਹਾਂ ਅਸਾਮੀਆਂ ਦੀ ਭਰਤੀ ਕਰਨ ਸਬੰਧੀ ਸਟੇਟ ਪੱਧਰ ਤੇ 100 ਅੰਕ ਦਾ ਇੱਕ ਲਿਖਤੀ ਟੈਸਟ ਦਾ (ਉਬਜੈਕਟਿਵ ਟਾਈਪ) ਲਿਆ ਜਾਵੇਗਾ ਜੋ ਇਨ੍ਹਾਂ ਅਸਾਮੀਆਂ ਲਈ ਦਰਸਾਈਆਂ ਗਈਆਂ ਵਿਦਿਅਕ/ਪ੍ਰੋਫੈਸ਼ਨਲ ਯੋਗਤਾਵਾਂ ਲਈ ਨਿਰਧਾਰਿਤ ਹੋਰ ਸ਼ਰਤਾਂ ਪੂਰੀਆਂ ਕਰਦੇ ਹੋਣਗੇ ਉਨ੍ਹਾਂ ਉਮੀਦਵਾਰਾਂ ਦੀ ਮੈਰਿਟ ਲਿਖਤੀ ਟੈਸਟ ਅਤੇ ਉਚੇਰੀ ਯੋਗਤਾ ਦੇ ਅੰਕਾਂ ਦੇ ਨਾਲ-ਨਾਲ ਸਿੱਖਿਆ ਵਿਭਾਗ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਕੰਮ ਕਰ ਰਹੇ ਸਿੱਖਿਆ ਪ੍ਰੋਵਾਈਡਰ/ਐਜੂਕੇਸ਼ਨ ਪ੍ਰੋਵਾਈਡਰ/ਐਜੂਕੇਸ਼ਨ ਵਲੰਟੀਅਰਜ, ਈ.ਜੀ.ਐਸ ਵਲੰਟੀਅਰਜ, ਏ.ਆਈ.ਈ. ਵਲੰਟੀਅਰਜ ਅਤੇ ਸਪੈਸ਼ਲ ਟ੍ਰੇਨਿੰਗ ਰਿਸੋਰਸ (STR) ਵਲੰਟੀਅਰਜ ਨੂੰ ਉਪਰਲੀ ਸੀਮਾ ਵਿੱਚ ਕੀਤੀ ਗਈ ਸੇਵਾ ਬਦਲੇ ਇੱਕ ਸਾਲ ਦਾ 01 ਅੰਕ ਦਿੱਤਾ ਜਾਵੇਗਾ ਅਤੇ ਵੱਧ ਤੋਂ ਵੱਧ 10 ਨੰਬਰਾਂ ਦੇ ਅੰਕਾਂ ਨੂੰ ਜੋੜ ਕੇ ਬਣਾਈ ਜਾਵੇਗੀ।

(ii) ਉਚੇਰੀ ਯੋਗਤਾ ਦੇ ਅੰਕ ਹੇਠ ਲਿਖੇ ਅਨੁਸਾਰ ਦਿੱਤੇ ਜਾਣਗੇ:-

| | | |
|---|---|---|
| ਗ੍ਰੈਜੂਏਸ਼ਨ | ਪਹਿਲੇ ਦਰਜੇ ਵਿੱਚ | = 5 ਅੰਕ |
| | ਦੂਜੇ ਦਰਜੇ ਵਿੱਚ | = 3 ਅੰਕ |
| | ਤੀਜੇ ਦਰਜੇ ਵਿੱਚ | = 2 ਅੰਕ |

(ਜੇਕਰ ਇੱਕ ਤੋਂ ਵੱਧ ਉਮੀਦਵਾਰਾਂ ਦੇ ਲਿਖਤੀ ਟੈਸਟ ਵਿਚੋਂ ਬਰਾਬਰ ਅੰਕ ਆਉਂਦੇ ਹਨ ਤਾਂ ਜਿਸ ਉਮੀਦਵਾਰ ਦੀ ਉਮਰ ਵੱਧ ਹੋਵੇਗੀ, ਉਸ ਨੂੰ ਮੈਰਿਟ ਵਿੱਚ ਪਹਿਲਾਂ ਰੱਖਿਆ ਜਾਵੇਗਾ ਅਤੇ ਜੇਕਰ ਇਕ ਤੋਂ ਵੱਧ ਉਮੀਦਵਾਰਾਂ ਦੇ ਅੰਕ ਅਤੇ ਉਮਰ ਦੋਨੋਂ ਇੱਕੋ ਜਿਹੇ ਹੋਣ ਤਾਂ ਉਮੀਦਵਾਰ ਦੇ ਪ੍ਰੋਫੈਸਨਲ ਡਿਗਰੀ ਵਿੱਚ ਵੱਧ ਪ੍ਰਤੀਸ਼ਤ ਅੰਕ ਹੋਣਗੇ, ਉਸ ਨੂੰ ਮੈਰਿਟ ਵਿੱਚ ਪਹਿਲਾਂ ਰੱਖਿਆ ਜਾਵੇਗਾ)।

(iii) ਪੰਜਾਬ ਸਰਕਾਰ ਸਿੱਖਿਆ ਵਿਭਾਗ (ਸਿ-7 ਸ਼ਾਖਾ) ਦੀ ਨੋਟੀਫਿਕੇਸ਼ਨ ਨੰਬਰ 13/01/2020/5edu7/301/4 ਮਿਤੀ 11-11-2020 ਅਨੁਸਾਰ ਰਾਜ ਦੇ ਸਿੱਖਿਆ ਵਿਭਾਗ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਕੰਮ ਕਰ ਰਹੇ ਸਿੱਖਿਆ ਪ੍ਰੋਵਾਈਡਰ/ਐਜੂਕੇਸ਼ਨ ਪ੍ਰੋਵਾਈਡਰ/ਐਜੂਕੇਸ਼ਨ ਵਲੰਟੀਅਰਜ, ਈ.ਜੀ.ਐਸ ਵਲੰਟੀਅਰਜ, ਏ.ਆਈ.ਈ. ਵਲੰਟੀਅਰਜ ਅਤੇ ਸਪੈਸ਼ਲ ਟ੍ਰੇਨਿੰਗ ਰਿਸੋਰਸ (STR) ਵਲੰਟੀਅਰਜ ਨੂੰ ਉਪਰਲੀ ਸੀਮਾ ਵਿੱਚ ਕੀਤੀ ਗਈ ਸੇਵਾ ਬਦਲੇ ਇੱਕ ਸਾਲ ਦਾ 01 ਅੰਕ ਦਿੱਤਾ ਜਾਵੇਗਾ ਅਤੇ ਵੱਧ ਤੋ ਵੱਧ 10 ਨੰਬਰ ਹੋਣਗੇ।

VacancyJobAlert.Com


(iv) ਸਿੱਖਿਆ ਵਿਭਾਗ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਕੰਮ ਕਰ ਰਹੇ ਸਿੱਖਿਆ ਪ੍ਰੋਵਾਈਡਰ/ਐਜੂਕੇਸ਼ਨ ਪ੍ਰੋਵਾਈਡਰ/ਐਜੂਕੇਸ਼ਨ ਵਲੰਟੀਅਰਜ, ਈ.ਜੀ.ਐਸ ਵਲੰਟੀਅਰਜ, ਏ.ਆਈ.ਈ. ਵਲੰਟੀਅਰਜ ਅਤੇ ਸਪੈਸ਼ਲ ਟ੍ਰੇਨਿੰਗ ਰਿਸੋਰਸ (STR) ਵਲੰਟੀਅਰਜ ਨੂੰ ਆਪਣੀ ਸੇਵਾ ਸਬੰਧੀ ਤਜਰਬਾ (ਜਿਸ ਵਿੱਚ ਸਪਸ਼ਟ ਤੌਰ ਕੁੱਲ ਤਜਰਬਾ ਦਰਸਾਇਆ ਹੋਵੇ) ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਐਸਿ) ਵਲੋਂ ਪ੍ਰਤੀਹਸ਼ਤਾਖਰ ਕੀਤਾ ਹੋਵੇ, ਉਹ ਹੀ ਮੰਨਣਯੋਗ ਹੋਵੇਗਾ।

4. <u>ਅਸਾਮੀਆਂ ਦਾ ਪੇਅ ਸਕੇਲ</u>

ਨਿਯੁਕਤੀਆਂ ਅਜਿਹੇ ਤਨਖਾਹ ਸਕੇਲ/ਮੈਟ੍ਰਿਕਸ ਦੇ ਹੱਕਦਾਰ ਹੋਣਗੀਆਂ ਜੋ ਇਹਨਾਂ ਅਹੁਦਿਆਂ ਲਈ ਵਿੱਤ ਵਿਭਾਗ ਦੁਆਰਾ ਅਧਿਕਾਰਤ ਹੋਣਗੇ।

5. <u>ਉਮਰ ਸੀਮਾ:</u>

(i) ਮਿਤੀ 1.1.2020 ਨੂੰ ਉਮਰ 18 ਤੋਂ 37 ਸਾਲ ਦੇ ਦਰਮਿਆਨ ਹੋਵੇ।

(ii) ਪੰਜਾਬ ਸਰਕਾਰ ਸਿੱਖਿਆ ਵਿਭਾਗ (ਸਿ-7 ਸ਼ਾਖਾ) ਦੀ ਨੋਟੀਫਿਕੇਸ਼ਨ ਨੰਬਰ 13/01/2020/5edu7/301/4 ਮਿਤੀ 11-11-2020 ਅਨੁਸਾਰ ਰਾਜ ਦੇ ਸਿੱਖਿਆ ਵਿਭਾਗ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਕੰਮ ਕਰ ਰਹੇ ਸਿੱਖਿਆ ਪ੍ਰੋਵਾਈਡਰ/ਐਜੂਕੇਸ਼ਨ ਪ੍ਰੋਵਾਈਡਰ/ਐਜੂਕੇਸ਼ਨ ਵਲੰਟੀਅਰਜ, ਈ.ਜੀ.ਐਸ ਵਲੰਟੀਅਰਜ, ਏ.ਆਈ.ਈ. ਵਲੰਟੀਅਰਜ ਅਤੇ ਸਪੈਸ਼ਲ ਟ੍ਰੇਨਿੰਗ ਰਿਸੋਰਸ (STR) ਵਲੰਟੀਅਰਜ ਨੂੰ ਉਪਰਲੀ ਸੀਮਾ ਵਿੱਚ ਕੀਤੀ ਗਈ ਸੇਵਾ ਦੇ ਬਰਾਬਰ ਛੋਟ ਦਿੱਤੀ ਜਾਵੇਗੀ।

(iii) ਪੰਜਾਬ ਰਾਜ ਦੇ ਅਨੁਸੂਚਿਤ ਜਾਤੀ ਅਤੇ ਪੱਛੜੀ ਸ੍ਰੇਣੀ ਦੇ ਉਮੀਦਵਾਰਾਂ ਦੀ ਉਪਰਲੀ ਉਮਰ ਸੀਮਾ ਦੀ ਹੱਦ ਵਿੱਚ 5 ਸਾਲ ਦੀ ਛੋਟ ਹੋਵੇਗੀ।

(iv) ਪੰਜਾਬ, ਹੋਰ ਰਾਜਾਂ ਅਤੇ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਦੀ ਉਪਰਲੀ ਸੀਮਾ ਦੀ ਹੱਦ 45 ਸਾਲ ਤੱਕ ਹੋਵੇਗੀ।

(v) ਪੰਜਾਬ ਰਾਜ ਦੀਆਂ ਵਿਧਵਾ ਅਤੇ ਤਲਾਕਸੁਦਾ ਔਰਤਾਂ ਦੀ ਉਪਰਲੀ ਉਮਰ ਸੀਮਾ ਦੀ ਹੱਦ ਵਿੱਚ 42 ਸਾਲ ਦੀ ਛੋਟ ਹੋਵੇਗੀ।

(vi) ਪੰਜਾਬ ਦੇ ਵਸਨੀਕ ਵਿਕਲਾਂਗਾ ਦੀ ਉਮਰ ਸੀਮਾ ਦੀ ਹੱਦ ਵਿਚ 10 ਸਾਲ ਦੀ ਛੋਟ ਹੋਵੇਗੀ।

(vi) ਪੰਜਾਬ ਦੇ ਸਾਬਕਾ ਫੌਜੀਆਂ ਵੱਲੋਂ ਉਨ੍ਹਾਂ ਦੀ ਫੌਜ ਵਿੱਚ ਕੀਤੀ ਸੇਵਾ ਦਾ ਸਮਾਂ ਉਨ੍ਹਾਂ ਦੀ ਉਮਰ ਵਿੱਚੋਂ ਘਟਾਉਣ ਤੋਂ ਬਾਅਦ ਬਾਕੀ ਬਚੀ ਉਮਰ ਜੇਕਰ ਸੇਵਾ ਰੂਲਾਂ ਅਨੁਸਾਰ ਅਸਾਮੀ ਦੀ ਉਪਰਲੀ ਸੀਮਾ ਤੋਂ ਤਿੰਨ ਸਾਲ ਵੱਧ ਹੋਵੇਗੀ ਤਾਂ ਉਨ੍ਹਾਂ ਨੂੰ ਉਮਰ ਸੀਮਾ ਦੀਆਂ ਸ਼ਰਤਾਂ ਤੇ ਸੰਤੁਸ਼ਟਤਾ ਦੇਣੀ ਪਵੇਗੀ।

6. ਬਿਨੈ-ਪੱਤਰ ਦੀ ਪ੍ਰੋਸੈਸਿੰਗ ਫੀਸ:

| | | |
|---|---|---|
| 1. | ਜਨਰਲ ਅਤੇ ਹੋਰ ਕੈਟਾਗਰੀ ਦੇ ਉਮੀਦਵਾਰ ਲਈ: | 1000 ਰੁਪਏ |
| 2. | ਰਿਜ਼ਰਵ ਕੈਟਾਗਰੀ (ਐਸ.ਸੀ./ਐਸ.ਟੀ.) : | 500 ਰੁਪਏ |
| 3. | ਸਾਬਕਾ ਸੈਨਿਕ (ਖੁੱਦ) : | ਕੋਈ ਨਹੀਂ |

VacancyJobAlert.Com


ਨੋਟ:-

(ੳ) ਸਾਬਕਾ ਸੈਨਿਕ (ਖੁਦ) ਨੂੰ ਫੀਸ ਦੀ ਅਦਾਇਗੀ ਤੋਂ ਛੋਟ ਹੋਵੇਗੀ, ਬਸ਼ਰਤੇ ਕਿ ਉਨ੍ਹਾਂ ਨੂੰ ਭਾਰਤ ਸਰਕਾਰ ਵੱਲੋਂ ਨੌਕਰੀ ਦੌਰਾਨ ਜਾਂ ਨਿਸਚਿਤ ਆਮ ਸਰਤਾ ਮੁਕੰਮਲ ਹੋਣ ਤੋਂ ਪਹਿਲਾਂ ਹੀ ਖੁੱਦ ਦੀ ਪ੍ਰਤੀ ਬੇਨਤੀ ਤੇ ਨੌਕਰੀ ਤੋਂ ਫਾਰਗ/ਡਿਸਚਾਰਜ ਨਾਂ ਕੀਤਾ ਗਿਆ ਹੋਵੇ। ਸਾਬਕਾ ਸੈਨਿਕਾਂ ਦੇ ਆਸਰਿਤਾਂ ਨੂੰ ਲੋੜੀਂਦੀ ਨਿਰਧਾਰਿਤ ਫੀਸ ਦੀ ਅਦਾਇਗੀ ਕਰਨੀ ਹੋਵੇਗੀ ਅਤੇ ਇਸ ਅਸਾਮੀ ਲਈ Lineal Descendant Certificate (LDC) ਅਸਲ ਦਸਤਾਵੇਜਾਂ ਦੀ ਸਕਰੂਟਨੀ ਸਮੇਂ ਜਮ੍ਹਾਂ ਕਰਵਾਉਣਾ ਹੋਵੇਗਾ।

(ਅ) ਪੰਜਾਬ ਦੇ ਵਸਨੀਕ ਵਿਕਲਾਂਗ ਉਮੀਦਵਾਰਾਂ ਵੱਲੋਂ ਉਪਰੋਕਤ ਅਨੁਸਾਰ ਉਹੀ ਫੀਸ ਜਮ੍ਹਾ ਕਰਵਾਈ ਜਾਵੇਗੀ, ਜਿਸ ਵਰਗ/ਸ਼੍ਰੇਣੀ ਨਾਲ ਉਹ ਸਬੰਧ ਰੱਖਦੇ ਹਨ।

(ੲ) ਕਿਸੇ ਵੀ ਉਮੀਦਵਾਰ ਨੂੰ ਫੀਸ ਦੀ ਮੁਆਫੀ/ਛੋਟ ਨਹੀਂ ਦਿੱਤੀ ਜਾਵੇਗੀ ਸਿਵਾਏ ਸਾਬਕਾ ਸੈਨਿਕ (ਖੁਦ) ਅਤੇ ਫੀਸ ਨਾਂ ਭੇਜਣ ਦੀ ਹਾਲਤ ਵਿੱਚ ਉਸ ਦੀ ਪਾਤਰਤਾ ਰੱਦ ਸਮਝੀ ਜਾਵੇਗੀ।

(ਸ) ਉਮੀਦਵਾਰ ਦਸਤਾਵੇਜਾਂ ਦੀ ਸਕਰੂਟਨੀ ਸਮੇਂ ਫੀਸ ਦੀ ਰਸੀਦ ਪੇਸ਼ ਕਰਨਗੇ।

7. <u>ਆਮ ਸ਼ਰਤਾਂ:-</u>

i. ਜਿਹੜੇ ਉਮੀਦਵਾਰ ਅਨੁਸੂਚਿਤ ਜਾਤੀ ਜਾਂ ਪੱਛੜੀ ਸ਼੍ਰੇਣੀ ਦੇ ਰਾਖਵਾਂਕਰਨ ਦਾ ਲਾਭ ਲੈਣਾ ਚਾਹੁੰਦੇ ਹਨ, ਉਨ੍ਹਾਂ ਦੇ ਜਾਤੀ ਸਰਟੀਫਿਕੇਟ ਜੋ ਕਿ ਸਬੰਧਤ ਸਮੱਰਥ ਅਧਿਕਾਰੀ ਵੱਲੋਂ ਜਾਰੀ ਕੀਤੇ ਗਏ ਹੋਣ, ਵਿੱਚ ਜਾਤੀ ਸਪੱਸ਼ਟ ਤੌਰ ਤੇ ਲਿਖੀ ਹੋਵੇ। ਅਨੁਸੂਚਿਤ ਜਾਤੀ ਅਤੇ ਪੱਛੜੀ ਸ਼੍ਰੇਣੀ ਦੀ ਉਹ ਇਸਤਰੀ ਉਮੀਦਵਾਰ, ਜਿਨ੍ਹਾਂ ਦੇ ਸਰਟੀਫਿਕੇਟ ਵਿਆਹ ਉਪਰੰਤ ਪਤੀ ਦੇ ਨਾਮ ਦੇ ਬਣੇ ਹਨ, ਉਨ੍ਹਾਂ ਇਸਤਰੀ ਉਮੀਦਵਾਰਾਂ ਨੂੰ ਸਕਰੂਟਨੀ ਸਮੇਂ ਉਹ ਸਰਟੀਫਿਕੇਟ, ਜਿਸ ਵਿੱਚ ਪਿਤਾ ਦਾ ਨਾਮ ਦਰਜ ਹੈ ਜਾਂ ਪਿਤਾ ਦਾ ਅਨੁਸੂਚਿਤ ਜਾਤੀ ਜਾਂ ਪੱਛੜੀ ਸ੍ਰੇਣੀ ਦਾ ਸਰਟੀਫਿਕੇਟ ਸਬੂਤ ਵਜੋਂ ਪੇਸ਼ ਕਰਨਾ ਹੋਵੇਗਾ। ਜੇਕਰ ਉਹ ਸਰਟੀਫਿਕੇਟ ਪੇਸ਼ ਨਹੀਂ ਕਰਦੀ ਤਾਂ ਉਸਦੀ ਪਾਤਰਤਾ ਅਨੁਸੂਚਿਤ ਜਾਤੀ ਜਾਂ ਪੱਛੜੀ ਸ੍ਰੇਣੀ ਜਿਹੋ ਜਿਹਾ ਵੀ ਕੇਸ ਹੋਵੇ, ਵਿੱਚ ਨਹੀਂ ਵਿਚਾਰੀ ਜਾਵੇਗੀ। ਅਨੁਸੂਚਿਤ ਜਾਤੀ ਦਾ ਰਾਖਵਾਂਕਰਨ ਪੰਜਾਬ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ (ਨੌਕਰੀਆਂ ਵਿਚ ਰਾਖਵਾਂਕਰਨ) ਐਕਟ, 2006 ਅਨੁਸਾਰ ਹੋਵੇਗਾ, ਪ੍ਰੰਤੂ ਉਨ੍ਹਾਂ ਦੀ ਚੋਣ ਇਸ ਸਬੰਧ ਵਿਚ ਮਾਣਯੋਗ ਸੁਪਰੀਮ ਕੋਰਟ ਵਿਖੇ ਪੈਡਿੰਗ ਕੇਸ SLP (CIVIL)No. 23507 OF 2010 IN CWP NO 18290 OF 2009, ਪੰਜਾਬ ਸਰਕਾਰ ਅਤੇ ਹੋਰ ਬਨਾਮ ਦਵਿੰਦਰ ਸਿੰਘ ਅਤੇ ਹੋਰ ਦੇ ਅੰਤਿਮ ਫੈਸਲੇ ਦੇ ਨਿਰਭਰ ਹੋਵੇਗੀ।

(ii) ਪੱਛੜੀ ਸ਼੍ਰੇਣੀ ਦਾ ਸਰਟੀਫਿਕੇਟ ਉਦੋਂ ਤੱਕ ਵੈਲਿਡ ਮੰਨਿਆ ਜਾਵੇਗਾ, ਜਦੋਂ ਤੱਕ ਪ੍ਰਾਰਥੀ ਕਰੀਮੀਲੇਅਰ ਦੇ ਦਾਇਰੇ ਵਿਚ ਨਹੀਂ ਆ ਜਾਂਦਾ। ਪੱਛੜੀ ਸ੍ਰੇਣੀ ਦਾ ਲਾਭ ਪ੍ਰਾਪਤ ਕਰਨ ਲਈ ਉਮੀਦਵਾਰ ਨੂੰ ਦਸਤਾਵੇਜਾਂ ਦੀ ਸਕਰੂਟਨੀ ਸਮੇਂ ਆਪਣੀ ਪ੍ਰਤੀ ਬੇਨਤੀ ਦੇ ਨਾਲ ਇਕ ਘੋਸਣਾ

VacancyJobAlert.Com


ਪੱਤਰ ਦੇਣਾ ਪਵੇਗਾ ਕਿ ਉਸ ਦੇ ਸਟੇਟਸ ਵਿੱਚ ਕੋਈ ਤਬਦੀਲੀ ਨਹੀਂ ਆਈ ਅਤੇ ਉਹ ਕਰੀਮੀਲੇਅਰ ਦੇ ਦਾਇਰੇ ਵਿੱਚ ਨਹੀਂ ਆਉਂਦਾ।

(iii) ਸਾਬਕਾ ਸੈਨਿਕ ਕੋਟੇ ਅਧੀਨ ਰਾਖਵਾਂਕਰਨ ਕੇਵਲ ਪੰਜਾਬ ਦੇ ਵਸਨੀਕਾ ਤੇ ਹੀ ਲਾਗੂ ਹੋਵੇਗਾ। ਜੇਕਰ ਸਾਬਕਾ ਸੈਨਿਕ ਖੁਦ ਉਮੀਦਵਾਰ ਨਾ ਹੋਵੇ, ਤਾਂ ਇਹ ਰਾਖਵਾਂਕਰਨ ਆਸ਼ਰਿਤਾਂ ਲਈ ਲਾਗੂ ਹੋਵੇਗਾ। ਅਜਿਹੇ ਸਾਬਕਾ ਸੈਨਿਕ/ਆਸ਼ਰਿਤ ਸੈਨਿਕ ਸਮੱਰਥ ਅਧਿਕਾਰੀ ਵੱਲੋਂ ਜਾਰੀ ਕੀਤਾ ਗਿਆ ਲੋੜੀਂਦਾ ਸਰਟੀਫਿਕੇਟ ਦਸਤਾਵੇਜਾਂ ਦੀ ਸਕਰੂਟਨੀ ਸਮੇਂ ਪੇਸ਼ ਕਰਨਗੇ।

(iv) ਸਵੰਤਰਤਾ ਸੈਨਾਨੀ ਕੋਟੇ ਅਧੀਨ ਰਾਖਵਾਂਕਰਨ ਲੈਣ ਵਾਲੇ ਉਮੀਦਵਾਰ, ਸਰਕਾਰ ਦੇ ਪੱਤਰ ਨੰ. 16/57-97-8ਪੀ-3/ਸਪੇ 503 ਮਿਤੀ 27-11-2000 ਅਨੁਸਾਰ ਸਮੱਰਥ ਅਧਿਕਾਰੀ ਵੱਲੋਂ ਜਾਰੀ ਕੀਤੀ ਗਈ ਲੋੜੀਂਦਾ ਅਸਲ ਸਰਟੀਫਿਕੇਟ ਅਸਲ ਦਸਤਾਵੇਜਾਂ ਦੀ ਸਕਰੂਟਨੀ ਦੇ ਸਮੇਂ ਪੇਸ਼ ਕਰਨਗੇ।

(v) ਖਿਡਾਰੀ ਕੋਟੇ ਅਧੀਨ ਰਾਖਵਾਂਕਰਨ ਲੈਣ ਵਾਲੇ ਉਮੀਦਵਾਰਾਂ ਨੂੰ ਸਕਰੂਟਨੀ ਸਮੇਂ ਸਰਟੀਫਿਕੇਟ ਪੇਸ਼ ਕਰਨਾ ਹੋਵੇਗਾ ਜਿਸਦੀ ਡਾਇਰੈਕਟਰ ਸਪੋਰਟਸ ਪੰਜਾਬ ਵਲੋਂ ਗਰੇਡਏਸ਼ਨ ਕੀਤੀ ਹੋਵੇ। ਸਪੋਰਟਸ ਕੈਟਾਗਰੀ ਵਿਚ ਸਿਰਫ ਸਪੋਰਟਸ ਮੈਰਿਟ ਨੂੰ ਹੀ ਆਧਾਰ ਮੰਨਿਆ ਜਾਵੇਗਾ ਜੋ ਡਾਇਰੈਕਟਰ ਸਪੋਰਟਸ ਪੰਜਾਬ ਵਲੋਂ ਆਪਣੇ ਨਿਯਮਾਂ ਅਨੁਸਾਰ ਤਿਆਰ ਕੀਤੀ ਜਾਵੇਗੀ।

(v) ਅਪਾਹਜ ਕੋਟੇ ਅਧੀਨ ਰਾਖਵਾਂਕਰਨ ਪੰਜਾਬ ਸਰਕਾਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੇ ਪੱਤਰ ਨੰ. 10/26/95-5ਐਸ ਐਸ/1252 ਮਿਤੀ 02.05.1997 ਅਨੁਸਾਰ ਹੋਵੇਗਾ। ਚਾਹਵਾਨ ਉਮੀਦਵਾਰ ਵਿਗਿਆਪਨ ਵਿੱਚ ਅਪਲਾਈ ਕਰਨ ਦੀ ਦਰਸਾਈ ਆਖਰੀ ਮਿਤੀ ਤੋਂ ਪਹਿਲਾਂ ਦਾ ਸਮਰੱਥ ਅਧਿਕਾਰੀ ਦੁਆਰਾ ਜਾਰੀ ਅਪਾਹਜ ਦਾ ਸਰਟੀਫਿਕੇਟ ਦਸਤਾਵੇਜਾ ਦੀ ਸਕਰੂਟਨੀ ਸਮੇਂ ਪੇਸ਼ ਕਰੇਗਾ, ਜਿਸ ਵਿੱਚ ਉਪਰਲੀ ਜਾਂ ਹੇਠਲੀ ਅੰਗਹੀਣਤਾ ਹੱਦ ਦੇ 40% ਜਾਂ 40% ਤੋਂ ਵੱਧ ਸਥਾਈ/ਅੰਸ਼ਿਕ ਦਰਜ ਹੋਵੇ। ਇਸ ਸਰਟੀਫਿਕੇਟ ਵਿਚ ਸਿਵਲ ਰੁਜ਼ਗਾਰ/ਨਿਰਧਾਰਤ ਅਸਾਮੀ ਲਈ ਫਿੱਟ ਹੋਣਾ ਵੀ ਦਰਸਾਇਆ ਜਾਣਾ ਜਰੂਰੀ ਹੈ। ਇਹ ਸਰਟੀਫਿਕੇਟ ਜਿਲੇ ਦੇ ਸਿਵਲ ਸਰਜਨ ਜਾਂ ਉਨ੍ਹਾਂ ਵੱਲੋਂ ਅਧਿਕਾਰਤ ਮੈਡੀਕਲ ਅਫਸਰ ਵੱਲੋਂ ਜਾਰੀ ਕੀਤਾ ਹੋਵੇ।

(vi) ਰਾਖਵਾਂਕਰਨ ਦੀ ਨੀਤੀ ਪੰਜਾਬ ਸਰਕਾਰ ਦੀਆਂ ਸਮੇਂ-ਸਮੇਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਲਾਗੂ ਹੋਵੇਗੀ।

(vii) ਰਾਖਵਾਂਕਰਨ ਦਾ ਲਾਭ ਕੇਵਲ ਪੰਜਾਬ ਦੇ ਪੱਕੇ ਵਾਸੀਆਂ ਨੂੰ ਹੀ ਪ੍ਰਾਪਤ ਹੋਵੇਗਾ।

(viii) ਉਮੀਦਵਾਰ ਦਸਵੀਂ ਪੱਧਰ ਦੀ ਪੰਜਾਬੀ ਪਾਸ ਹੋਵੇ।

(ix) ਇਸ ਭਰਤੀ ਵਿੱਚ ਮਹਿਲਾ ਲਈ 33% ਰਿਜਰਵੇਸ਼ਨ Government of Punjab, Department of Social Security, Women and Child Development (Social

VacancyJobAlert.Com


Security Branch) Notification the 21st October 2020 ਗਜਟ ਨੋਟੀਫਿਕੇਸ਼ਨ ਅਨੁਸਾਰ ਹੋਵੇਗੀ।

(x) ਪੁਰਸ਼ ਅਤੇ ਇਸਤਰੀ ਉਮੀਦਵਾਰਾਂ ਦੀ ਸਾਂਝੀ ਮੈਰਿਟ ਬਣਾਈ ਜਾਵੇਗੀ।

(xi) ਇਸ ਵਿਗਿਆਪਨ ਨੂੰ ਕਿਸੇ ਵੀ ਕਾਰਨ ਪੋਸਟਾ ਘੱਟਾਉਣ/ਵਧਾਉਣ ਜਾਂ ਰੱਦ ਕਰਨ ਦਾ ਅਧਿਕਾਰ ਵਿਭਾਗ ਪਾਸ ਹੋਵੇਗਾ।

(xii) ਆਨ ਲਾਈਨ ਫਾਰਮ ਭਰਨ ਸਮੇਂ ਕਿਸੇ ਵੀ ਗਲਤੀ ਲਈ ਉਮੀਦਵਾਰ ਆਪ ਜਿੰਮੇਵਾਰ ਹੋਵੇਗਾ। ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ ਦੀ ਇਸ ਸਬੰਧੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

(xiii) ਆਨਲਾਈਨ ਅਪਲਾਈ ਕਰਨ ਸਮੇਂ ਉਮੀਦਵਾਰਾਂ ਨੂੰ ਸਾਈਬਰ ਕੈਫੇ ਅਟੈਂਡਟ ਦੀ ਮੱਦਦ ਲੈਣ ਸਮੇਂ ਆਪਣਾ ਫਾਰਮ ਆਪ ਭਰਨ ਦੀ ਸਲਾਹ ਦਿੱਤੀ ਜਾਂਦੀ ਹੈ। ਐਪਲੀਕੇਸਨ ਫਾਰਮ ਵਿੱਚ ਇੱਕ ਵਾਰ ਡਾਟਾ ਭਰਨ ਤੋਂ ਬਾਅਦ Approve ਕਰਨ ਤੋਂ ਬਾਅਦ ਉਸ ਵਿੱਚ ਕੋਈ ਤਬਦੀਲੀ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ ਅਤੇ ਨਾਂ ਹੀ ਕੋਈ ਹੋਰ ਮੌਕਾ ਦਿੱਤਾ ਜਾਵੇਗਾ। ਇਸ ਸਬੰਧੀ ਕਿਸੇ ਵੀ ਪ੍ਰਕਾਰ ਦੀ ਪ੍ਰਤੀ ਬੇਨਤੀ ਦਫਤਰ ਵੱਲੋਂ ਸਵੀਕਾਰ ਨਹੀਂ ਕੀਤੀ ਜਾਵੇਗੀ।

(xiv) ਉਮੀਦਵਾਰ ਵੱਲੋਂ ਅਸਾਮੀ ਲਈ ਕੇਵਲ ਅਪਲਾਈ ਕਰਨ ਜਾਂ ਉਸ ਨੂੰ ਦਸਤਾਵੇਜਾਂ ਲਈ ਸਕਰੂਟਨੀ ਤੇ ਬੁਲਾਏ ਜਾਣ ਨਾਲ ਹੀ ਕੋਈ ਨਿਯੁਕਤੀ ਦਾ ਅਧਿਕਾਰ ਨਹੀਂ ਹਵੇਗਾ।

(xv) ਇਸ ਭਰਤੀ ਸਬੰਧੀ ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ ਵੱਲੋਂ ਲਿਆ ਗਿਆ ਫੈਸਲਾ ਅੰਤਿਮ ਅਤੇ ਸਭ ਤੇ ਲਾਗੂ ਹੋਵੇਗਾ।

(xvi) ਉਮੀਦਵਾਰ ਵੱਲੋਂ ਆਪਣਾ ਮੋਬਾਇਲ ਨੰਬਰ, ਈ-ਮੇਲ ਪਤਾ, ਆਪਣਾ ਬੈਂਕ ਖਾਤਾ ਨੰਬਰ, ਬੈਂਕ ਦਾ IFSC, ਬ੍ਰਾਂਚ ਦਾ ਨਾਮ ਆਦਿ ਆਨ-ਲਾਈਨ ਅਪਲਾਈ ਕਰਨ ਸਮੇਂ ਫਾਰਮ ਵਿੱਚ ਭਰਿਆ ਜਾਵੇ।

(xvii) ਪੰਜਾਬ ਦੇ ਵਸਨੀਕ ਵਿਕਲਾਂਗ ਉਮੀਦਵਾਰਾਂ ਵੱਲੋਂ ਉਪਰੋਕਤ ਅਨੁਸਾਰ ਉਹੀ ਫੀਸ ਜਮ੍ਹਾਂ ਕਰਵਾਈ ਜਾਵੇਗੀ, ਜਿਸ ਵਰਗ/ਸ਼੍ਰੇਣੀ ਨਾਲ ਸਬੰਧਤ ਰੱਖਦੇ ਹਨ। ਦਸਤਾਵੇਜਾਂ ਦੀ ਸਕਰੂਟਨੀ ਸਮੇਂ ਕੈਟਾਗਰੀ ਨਾਲ ਸਬੰਧਤ ਸਰਟੀਫਿਕੇਟ ਪੇਸ਼ ਕਰਨਾ ਲਾਜਮੀ ਹੋਵੇਗਾ।

(xviii) ਉਮੀਦਵਾਰ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਭਰਤੀ ਸਬੰਧੀ/ਬਾਨਾਂ ਚੰਗੀ ਤਰ੍ਹਾਂ ਨਾਲ ਪੜ੍ਹਨ ਉਪਰੰਤ ਆਪ ਖ਼ੁਦ ਅਪਲਾਈ ਕਰੇ ਅਤੇ ਉਨ੍ਹਾਂ ਨੂੰ ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਸ ਭਰਤੀ ਸਬੰਧੀ Latest Updates ਦੀ ਜਾਣਕਾਰੀ ਲਈ ਵਿਭਾਗ ਦੀ ਵੈਬਸਾਈਟ www.educationrecruitmentboard.com ਤੇ ਸਮੇਂ-2 ਚੈੱਕ ਕਰਦੇ ਰਹਿਣ। ਉਮੀਦਵਾਰਾਂ ਨੂੰ ਕਿਸੇ ਕਿਸਮ ਦੀ ਜਾਣਕਾਰੀ ਵਿਭਾਗ ਦੀ ਵੈਸਬਾਈਟ ਤੇ ਉਪਲੱਬਧ ਕਰਵਾਈ ਜਾਇਆ ਕਰੇਗੀ। ਕਿਸੇ ਵੀ ਕਿਸਮ ਦੀ ਕੋਈ ਜਾਣਕਾਰੀ "ਪਬਲਿਕ ਨੋਟਿਸ"/ਹੋਰ ਜਾਣਕਾਰੀ ਅਖਬਾਰਾਂ ਵਿੱਚ ਪ੍ਰਕਾਸਿਤ ਨਹੀਂ ਕਰਵਾਇਆ ਜਾਵੇਗਾ।

VacancyJobAlert.Com



(xix) ਸਰਕਾਰ ਵਲੋਂ ਜਾਰੀ ਨੋਟੀਫਿਕੇਸ਼ਨ ਨੰ. 11/9402-P P2/650 ਮਿਤੀ 12.01.2004 ਅਨੁਸਾਰ ਸਬੰਧਤ ਉਮੀਦਵਾਰ ਤੇ ਨਿਊ ਕੰਟਰੀਬਿਊਟਰੀ ਪੈਨਸ਼ਨ ਸਕੀਮ ਲਾਗੂ ਹੋਵੇਗੀ।

(xx) ਕੇਵਲ ਉਹ ਹੀ ਸਰਕਾਰੀ ਕਰਮਚਾਰੀ ਨਿਯੁਕਤੀ ਲਈ ਯੋਗ ਹੋਣਗੇ, ਜਿਹਨਾਂ ਸਬੰਧੀ ਵਿਭਾਗ ਦੇ ਮੁਖੀ ਦੁਆਰਾ ਇਹ ਤਸਦੀਕ ਕੀਤਾ ਜਾਵੇਗਾ ਕਿ ਉਹਨਾਂ ਵਿਰੁੱਧ ਕੋਈ ਅਨੁਸ਼ਾਸਨੀ ਕਾਰਵਾਈ ਵਿਚਾਰ ਅਧੀਨ ਨਹੀ ਹੈ ਜਾਂ ਉਹ ਪੰਜਾਬ ਸਰਕਾਰ ਸਿਵਲ ਸਰਵਿਸ਼ਿਜ ਸਜਾ ਅਤੇ ਅਪੀਲ ਰੂਲਜ 1970 ਅਧੀਨ ਜਾਂ ਕੋਈ ਵੀ ਹੋਰ ਲਾਗੂ ਰੂਲਜ ਜਿਵੇਂ ਵੀ ਮਾਮਲਾ ਹੋਵੇ, ਸਜਾ ਨਹੀ ਕੱਟ ਰਹੇ ਜਾਂ ਕਿਸੇ ਵੀ ਟਰਾਇਲ ਮੁਕੱਦਮੇ ਅਧੀਨ ਨਹੀਂ ਹਨ ਜਾਂ ਉਹਨਾਂ ਦੀ ਇੰਟੇਗਰਿਟੀ ਅਤੇ ਪ੍ਰੋਫੈਸ਼ਨਲ ਦੁਰਵਿਵਹਾਰ ਦੇ ਮੱਦੇਨਜ਼ਰ ਕੋਈ ਵੀ ਹੋਰ ਠੋਸ ਅਯੋਗਤਾ ਨਹੀਂ ਹੈ।

<u>ਜਰੂਰੀ ਨੋਟ:-</u>

(ੳ) ਉਮੀਦਵਾਰ ਦੀ ਵਿਦਿਅਕ/ਪ੍ਰੋਫੈਸਨਲ ਯੋਗਤਾਵਾਂ ਅਪਲਾਈ ਕਰਨ ਦੀ ਆਖਰੀ ਮਿਤੀ ਦੇ ਜਾਂ ਪਹਿਲਾਂ ਦੇ ਬਣੇ ਹੋਣ। ਰਿਜ਼ਰਵੇਸਨ ਦਾ ਲਾਭ ਲੈਣ ਲਈ ਵੱਖ-ਵੱਖ ਕੈਟਾਗਰੀਆਂ ਦੇ ਸਰਟੀਫਿਕੇਟ ਜਿਵੇਂ ਐਸ.ਸੀ./ਐਸ.ਟੀ., ਅੰਗਹੀਣ ਅਤੇ ਹੋਰ ਲੋੜੀਂਦੇ ਸਰਟੀਫਿਕੇਟ ਆਦਿ ਸਰਟੀਫਿਕੇਟ ਆਦਿ ਸਕਰੂਟਨੀ ਸਮੇਂ ਹੀ ਜਮ੍ਹਾਂ/ਚੈੱਕ ਕਰਵਾਉਣ ਉਪਰੰਤ ਮੰਨਣ ਯੋਗ ਹੋਣਗੇ। ਉਸ ਤੋਂ ਬਾਅਦ ਕਿਸੇ ਵੀ ਉਮੀਦਵਾਰ ਦੀ ਪ੍ਰਤੀ ਬੇਨਤੀ ਪ੍ਰਵਾਨ ਨਹੀਂ ਕੀਤੀ ਜਾਵੇਗੀ।

8. <u>ਆਨ ਲਾਈਨ ਅਪਲਾਈ ਕਰਨ ਦੀ ਵਿੱਧੀ:-</u>

Online Process will start from 01-12-2020

(ੳ) ਵੈਬਸਾਈਟ <u>www.educationrecruitmentboard.com</u>

(ਅ) ਉਮੀਦਵਾਰ ਵੱਲੋਂ ਪਹਿਲਾਂ ਉਪਰੋਕਤ ਦਰਸਾਈ ਵੈਬਸਾਈਟ ਉੱਤੇ ਰਜਿਸਟ੍ਰੇਸ਼ਨ ਕਰਵਾਈ ਜਾਵੇਗੀ। ਰਜਿਸਟ੍ਰੇਸ਼ਨ ਕਰਵਾਉਣ ਲਈ ਇਸ ਵੈਬਸਾਈਟ ਉੱਤੇ ਦਿੱਤੇ ਲਿੰਕ New Registration ਤੇ Click ਕੀਤਾ ਜਾਵੇ ਅਤੇ ਮੰਗੀ ਗਈ ਜਾਣਕਾਰੀ ਭਰੀ ਜਾਵੇ। ਇੱਕ ਵਾਰ ਰਜਿਸਟ੍ਰੇਸਨ ਕਰਨ ਉਪਰੰਤ ਰਜਿਸਟ੍ਰੇਸਨ ਵਾਲੀ ਕੋਈ ਵੀ ਜਾਣਕਾਰੀ ਦੁਬਾਰਾ Update/Edit ਨਹੀਂ ਕੀਤੀ ਜਾਵੇਗੀ।

(ੲ) ਰਜਿਸਟ੍ਰੇਸ਼ਨ ਉਪਰੰਤ ਉਮੀਦਵਾਰ ਵੱਲੋਂ ਆਪਣੇ ਰਜਿਸਟ੍ਰੇਸ਼ਨ ਨੰਬਰ ਅਤੇ ਪਾਸਵਰਡ ਦੀ ਮੱਦਦ ਨਾਲ ਆਪਣੇ ਅਕਾਊਂਟ Login ਵਿੱਚ ਕੀਤਾ ਜਾਵੇਗਾ। ਉਮੀਦਵਾਰ ਵੱਲੋਂ Application Fee ਨਾਮ ਦੇ ਲਿੰਕ ਉੱਤੇ Click ਕਰਕੇ ਫੀਸ ਆਨਲਾਈਨ ਭਰੀ ਜਾ ਸਕਦੀ ਹੈ।

(ਸ) ਫੀਸ ਦੀ Confirmation ਹੋਣ ਉਪਰੰਤ ਆਪਣੇ Application Form ਦਾ Print Out ਜਰੂਰ ਲਿਆ ਜਾਵੇ ਅਤੇ ਇਸਨੂੰ ਸੰਭਾਲ ਕੇ ਰੱਖਿਆ ਜਾਵੇ। ਇੱਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ Application Form ਜਾਂ ਕੋਈ ਹੋਰ ਦਸਤਾਵੇਜ਼ ਡਾਕ ਰਾਹੀਂ ਇਸ ਦਫਤਰ ਨੂੰ ਭੇਜਣ ਦੀ ਜਰੂਰਤ ਨਹੀਂ ਹੈ। ਕੋਈ ਵੀ ਦਸਤਾਵੇਜ਼, ਮੰਗੇ ਜਾਣ ਉਪਰੰਤ ਹੀ ਭੇਜਿਆ ਜਾਵੇ।

VacancyJobAlert.Com


(ਹ) ਉਮੀਦਵਾਰ ਇੱਕ ਸਵੈ ਤਸਦੀਕੀ ਫੋਟੋ ਅਤੇ ਸਕੈਨ ਕੀਤੇ ਹਸਤਾਖਰ/ਦਸਤਖਤ ਆਨਲਾਈਨ ਅਪਲਾਈ ਕਰਨ ਸਮੇਂ ਅਪਲੋਡ ਕਰੇਗਾ।

ਜਰੂਰੀ ਤਰੀਕਾਂ:

ਉਮੀਦਵਾਰ ਆਨਲਾਈਨ ਫੀਸ ਭਰਨ ਦੀ ਆਖਰੀ ਮਿਤੀ 21-12-2020 (ਸਾਮ 5.00 ਵਜੇ ਤੱਕ) ਹੋਵੇਗੀ।

ਸਹਾਇਕ ਡਾਇਰੈਕਟਰ,
ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ।